ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

Trump ਵਲੋਂ Carney ਨੂੰ ਸਿੱਧੀ ਧਮਕੀ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਿਚਾਲੇ ਚੱਲ ਰਹੀ ਜ਼ੁਬਾਨੀ ਜੰਗ ਹੁਣ ਬੇਹੱਦ ਤਲਖ਼ ਮੋੜ 'ਤੇ ਪਹੁੰਚ ਗਈ ਹੈ। ਟਰੰਪ ਨੇ ਕੈਨੇਡਾ ਨੂੰ ਸਖ਼ਤ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜਿਸ ਚੀਨ ਨਾਲ ਉਹ ਦੋਸਤੀ ਵਧਾ ਰਿਹਾ ਹੈ, ਉਹ ਚੀਨ ਪਹਿਲੇ ਸਾਲ 'ਚ ਹੀ ਕੈਨੇਡਾ ਨੂੰ ਖਾ ਜਾਵੇਗਾ। ਟਰੰਪ ਨੇ ਇਹ ਤਿੱਖਾ ਹਮਲਾ ਕੈਨੇਡਾ ਵਲੋਂ ਗ੍ਰੀਨਲੈਂਡ 'ਤੇ ਪ੍ਰਸਤਾਵਿਤ ਗੋਲਡਨ ਡੋਮ ਬਣਾਉਣ ਦੇ ਪ੍ਰਸਤਾਵ ਨੂੰ ਠੁਕਰਾਉਣ ਤੋਂ ਬਾਅਦ ਕੀਤਾ ਹੈ।

ਅਮਰੀਕਾ ਤੋਂ ਮੁਫ਼ਤ ਦੀਆਂ ਚੀਜ਼ਾਂ ਲੈਂਦਾ ਹੈ ਕੈਨੇਡਾ: ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੈਟਫ਼ੌਰਮ ਟਰੂੱਥ ਸੋਸ਼ਲ 'ਤੇ ਇੱਕ ਪੋਸਟ ਪਾ ਕੇ ਕੈਨੇਡਾ ਦੀ ਜੰਮ ਕੇ ਕਲਾਸ ਲਗਾਈ। ਉਨ੍ਹਾਂ ਲਿਖਿਆ, "ਕੈਨੇਡਾ ਗ੍ਰੀਨਲੈਂਡ 'ਤੇ ਗੋਲਡਨ ਡੋਮ ਬਣਾਉਣ ਦਾ ਵਿਰੋਧ ਕਰ ਰਿਹਾ ਹੈ ਜਦ ਕਿ ਉਹ ਡੋਮ ਕੈਨੇਡਾ ਦੀ ਰੱਖਿਆ ਲਈ ਸੀ। ਇਸ ਦੀ ਬਜਾਏ ਉਸ ਨੇ ਚੀਨ ਨਾਲ ਵਪਾਰ ਕਰਨ ਦਾ ਫ਼ੈਸਲਾ ਕੀਤਾ ਹੈ। ਯਾਦ ਰੱਖਣਾ, ਚੀਨ ਤੁਹਾਨੂੰ ਪਹਿਲੇ ਸਾਲ ਹੀ ਨਿਗਲ ਜਾਵੇਗਾ।"ਇੰਨਾ ਹੀ ਨਹੀਂ, ਦਾਵੋਸ 'ਚ ਵਿਸ਼ਵ ਆਰਥਿਕ ਮੰਚ ਦੌਰਾਨ ਟਰੰਪ ਨੇ ਮਾਰਕ ਕਾਰਨੀ ਨੂੰ ਸਿੱਧਾ ਨਿਸ਼ਾਨਾ ਬਣਾਉਂਦੇ ਹੋਏ ਕਿਹਾ, "ਕੈਨੇਡਾ ਅਮਰੀਕਾ ਦੀ ਵਜ੍ਹਾ ਨਾਲ ਜ਼ਿੰਦਾ ਹੈ। ਮਾਰਕ ਅਗਲੀ ਵਾਰ ਬਿਆਨ ਦੇਣ ਤੋਂ ਪਹਿਲਾਂ ਇਹ ਗੱਲ ਯਾਦ ਰੱਖਣਾ।" ਟਰੰਪ ਨੇ ਦਾਅਵਾ ਕੀਤਾ ਕਿ ਕੈਨੇਡਾ ਅਮਰੀਕਾ ਤੋਂ ਬਹੁਤ ਸਾਰੀਆਂ ਚੀਜ਼ਾਂ ਮੁਫ਼ਤ ਲੈਂਦਾ ਹੈ, ਅਤੇ ਉਸ ਨੂੰ ਅਮਰੀਕੀ ਸੁਰੱਖਿਆ ਲਈ ਸ਼ੁੱਕਰਗੁਜ਼ਾਰ ਹੋਣਾ ਚਾਹੀਦਾ ਹੈ।ਜ਼ਿਕਰਯੋਗ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦਾਵੋਸ 'ਚ ਚੀਨ ਨਾਲ ਸੱਤ ਅਰਬ ਡਾਲਰ ਦੇ ਇੱਕ ਵੱਡੇ ਵਪਾਰਕ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਇਸ ਸਮਝੌਤੇ ਤਹਿਤ ਕੈਨੇਡਾ ਨੇ ਚੀਨੀ ਇਲੈਕਟ੍ਰਿਕ ਗੱਡੀਆਂ 'ਤੇ ਲੱਗੇ ਟੈਰਿਫ਼ਸ ਹਟਾ ਦਿੱਤੇ ਹਨ। ਟਰੰਪ ਇਸੇ ਫ਼ੈਸਲੇ ਤੋਂ ਭੜਕੇ ਹੋਏ ਹਨ। ਕਾਰਨੀ ਨੇ ਆਪਣੇ ਭਾਸ਼ਨ 'ਚ ਕਿਹਾ ਸੀ ਕਿ ਦੁਨੀਆਂ 'ਚ ਨਿਯਮ-ਆਧਾਰਿਤ ਵਿਵਸਥਾ ਖ਼ਤਮ ਹੋ ਰਹੀ ਹੈ ਜਿਸ ਦਾ ਇਸ਼ਾਰਾ ਟਰੰਪ ਦੀਆਂ ਸਖ਼ਤ ਵਪਾਰਕ ਨੀਤੀਆਂ ਵੱਲ ਸੀ।ਟਰੰਪ ਦੀਆਂ ਧਮਕੀਆਂ ਦੇ ਜਵਾਬ 'ਚ ਕੈਨੇਡਾ ਸਰਕਾਰ ਨੇ ਆਪਣਾ ਬਚਾਅ ਕਰਦਿਆਂ ਕਿਹਾ ਹੈ ਕਿ ਅੱਜ ਦੀ ਅਨਿਸ਼ਚਿਤ ਦੁਨੀਆਂ 'ਚ ਉਹ ਆਪਣੀ ਸਾਂਝੇਦਾਰੀ 'ਚ ਵਿਭਿੰਨਤਾ ਲਿਆ ਰਹੇ ਹਨ। ਕੈਨੇਡਾ ਮੁਤਾਬਿਕ ਉਹ ਆਪਣੇ ਆਰਥਿਕ ਹਿੱਤਾਂ ਅਤੇ ਮਜ਼ਬੂਤੀ ਲਈ ਦੂਜੇ ਦੇਸ਼ਾਂ ਨਾਲ ਵਪਾਰਕ ਰਿਸ਼ਤੇ ਵਧਾ ਰਿਹਾ ਹੈ।

ਕੀ ਹੁੰਦਾ ਹੈ ਮੌਤ ਤੋਂ ਬਾਅਦ, ਤਿੰਨ ਵਾਰ ਮਰ ਕੇ ਜ਼ਿੰਦਾ ਹੋਈ ਮਹਿਲਾ ਨੇ ਦੱਸਿਆ

ਮੈਰੀਲੈਂਡ: ਅਮਰੀਕਾ ਦੇ ਮੈਰੀਲੈਂਡ 'ਚ ਰਹਿਣ ਵਾਲੀ 80 ਸਾਲਾ ਮਹਿਲਾ ਪਾਦਰੀ ਨੌਰਮਾ ਐਡਵਰਡਸ ਕੋਈ ਸਾਧਾਰਨ ਮਹਿਲਾ ਨਹੀਂ ਹੈ। ਉਹ ਮੌਤ ਦੇ ਦਰਵਾਜ਼ੇ ਨੂੰ ਇੱਕ ਵਾਰ ਨਹੀਂ ਸਗੋਂ ਤਿੰਨ ਵਾਰ ਖੜਕਾ ਕੇ ਵਾਪਿਸ ਪਰਤੀ ਹੈ। ਉਨ੍ਹਾਂ ਵਲੋਂ ਦੱਸਿਆ ਗਿਆ ਮੌਤ ਤੋਂ ਬਾਅਦ ਦਾ ਹਾਲ ਕਿਸੇ ਦੇ ਵੀ ਰੌਂਗਟੇ ਖੜ੍ਹੇ ਕਰਨ ਲਈ ਕਾਫ਼ੀ ਹੈ।

ਨੌਰਮਾ ਨਾਲ ਮੌਤ ਦਾ ਪਹਿਲਾ ਵਾਕਿਆ ਮਹਿਜ਼ 20 ਸਾਲ ਦੀ ਉਮਰ 'ਚ ਇੱਕ ਮੈਡੀਕਲ ਐਮਰਜੈਂਸੀ ਦੌਰਾਨ ਵਾਪਰਿਆ ਸੀ ਜਦੋਂ ਡਾਕਟਰਾਂ ਨੇ ਉਨ੍ਹਾਂ ਨੂੰ ਕਲੀਨਿਕਲੀ ਡੈੱਡ ਐਲਾਨ ਦੇ ਦਿੱਤਾ ਸੀ। ਨੌਰਮਾ ਅਨੁਸਾਰ ਉਸ ਵੇਲੇ ਉਹ ਆਪਣੇ ਸ਼ਰੀਰ 'ਚੋਂ ਬਾਹਰ ਨਿਕਲ ਕੇ ਡਾਕਟਰਾਂ ਨੂੰ ਆਪਣਾ ਇਲਾਜ ਕਰਦੇ ਦੇਖ ਰਹੀ ਸੀ। ਅਚਾਨਕ ਉਹ ਇੱਕ ਹਨੇਰੀ ਸੁਰੰਗ ਰਾਹੀਂ ਇੱਕ ਅਲੌਕਿਕ ਚਿੱਟੀ ਰੋਸ਼ਨੀ ਦੇ ਸਾਹਮਣੇ ਪਹੁੰਚੀ ਜਿੱਥੇ ਇੱਕ ਵਿਸ਼ਾਲ ਸਕ੍ਰੀਨ 'ਤੇ ਉਸ ਦੇ ਜੀਵਨ ਦਾ ਲੇਖਾ-ਜੋਖਾ ਚੱਲ ਰਿਹਾ ਸੀ। ਉਸ ਸਕ੍ਰੀਨ 'ਤੇ ਤਿੰਨ ਹਿੱਸੇ ਸਨ: ਉਹ ਜੀਵਨ ਜੋ ਜਨਮ ਤੋਂ ਪਹਿਲਾਂ ਤੈਅ ਸੀ, ਉਹ ਜੀਵਨ ਜੋ ਉਨ੍ਹਾਂ ਨੇ ਅਸਲ 'ਚ ਹੰਡਾਇਆ ਅਤੇ ਦੋਵਾਂ ਵਿਚਕਾਰ ਸੰਤੁਲਨ। ਉੱਥੇ ਉਨ੍ਹਾਂ ਨੂੰ ਬਾਰ-ਬਾਰ ਇੱਕ ਹੀ ਸੰਦੇਸ਼ ਮਿਲ ਰਿਹਾ ਸੀ ਕਿ ਉਨ੍ਹਾਂ ਦਾ ਮਕਸਦ ਅਜੇ ਅਧੂਰਾ ਹੈ।

ਸ਼ਰੀਰ 'ਚ ਵਾਪਸੀ ਸੀ ਬੇਹੱਦ ਦਰਦਨਾਕ: ਉੱਥੇ ਨੌਰਮਾ ਦੀ ਮੁਲਾਕਾਤ ਆਪਣੀ ਮ੍ਰਿਤਕ ਚਾਚੀ ਨਾਲ ਵੀ ਹੋਈ ਜਿਸ ਨੇ ਦੱਸਿਆ ਕਿ ਜੀਵਨ ਕਦੇ ਖ਼ਤਮ ਨਹੀਂ ਹੁੰਦਾ। ਨੌਰਮਾ ਦੱਸਦੀ ਹੈ ਕਿ ਜਦੋਂ ਉਨ੍ਹਾਂ ਦੀ ਆਤਮਾ ਨੂੰ ਦੁਬਾਰਾ ਸ਼ਰੀਰ 'ਚ ਭੇਜਿਆ ਗਿਆ, ਤਾਂ ਉਹ ਅਨੁਭਵ ਬਹੁਤ ਹੀ ਦੁਖਦਾਈ ਸੀ। ਉਨ੍ਹਾਂ ਨੇ ਇਸ ਦੀ ਤੁਲਨਾ ਇੱਕ ਵਿਸ਼ਾਲ ਆਕਾਸ਼ਗੰਗਾ ਨੂੰ ਚਾਹ ਦੇ ਇੱਕ ਛੋਟੇ ਜਿਹੇ ਕੱਪ 'ਚ ਭਰਨ ਨਾਲ ਕੀਤੀ। ਵਾਪਿਸ ਆਉਣ ਤੋਂ ਬਾਅਦ ਉਨ੍ਹਾਂ 'ਚ ਅਜਿਹੀ ਊਰਜਾ ਆ ਗਈ ਕਿ ਉਹ ਲੋਕਾਂ ਦੀਆਂ ਬੀਮਾਰੀਆਂ ਵੇਖ ਸਕਦੀ ਸੀ, ਅਤੇ ਉਨ੍ਹਾਂ ਦੇ ਕੋਲ ਆਉਂਦਿਆਂ ਹੀ ਬਿਜਲੀ ਦੇ ਬਲਬ ਤਕ ਫ਼ਿਊਜ਼ ਹੋ ਜਾਂਦੇ ਸਨ।

ਫ਼ਰਿਸ਼ਤੇ ਨੇ ਦਿਖਾਇਆ ਰਾਹ, ਮੌਤ ਅੰਤ ਨਹੀਂ, ਸ਼ੁਰੂਆਤ ਹੈ: ਨੌਰਮਾ ਦਾ ਮੌਤ ਨਾਲ ਦੂਜਾ ਅਤੇ ਤੀਜਾ ਸਾਹਮਣਾ ਹਾਲ ਹੀ 'ਚ ਨਵੰਬਰ 2024 'ਚ ਦਿਲ ਦਾ ਦੌਰਾ ਪੈਣ ਦੌਰਾਨ ਹੋਇਆ। ਐਂਬੂਲੈਂਸ 'ਚ ਲਿਜਾਂਦੇ ਸਮੇਂ ਇੱਕ ਮਹਿਲਾ ਫ਼ਰਿਸ਼ਤੇ ਨੇ ਉਨ੍ਹਾਂ ਨੂੰ ਰਾਹ ਦਿਖਾਇਆ ਅਤੇ ਦੱਸਿਆ ਕਿ ਉਨ੍ਹਾਂ ਨੂੰ ਲੋਕਾਂ ਦੇ ਮਨਾਂ 'ਚੋਂ ਮੌਤ ਦਾ ਡਰ ਕੱਢਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਅੱਜ ਨੌਰਮਾ ਗੰਭੀਰ ਮਰੀਜ਼ਾਂ ਅਤੇ ਬਜ਼ੁਰਗਾਂ ਨੂੰ ਮੌਤ ਦੇ ਡਰ ਤੋਂ ਮੁਕਤ ਕਰਨ ਦਾ ਕੰਮ ਕਰ ਰਹੀ ਹੈ।

ਉਨ੍ਹਾਂ ਦਾ ਮੰਨਣਾ ਹੈ ਕਿ ਮੌਤ ਅੰਤ ਨਹੀਂ ਸਗੋਂ ਇੱਕ ਨਵੇਂ ਆਯਾਮ 'ਚ ਪ੍ਰਵੇਸ਼ ਦੀ ਸ਼ੁਰੂਆਤ ਹੈ, ਅਤੇ ਜਦੋਂ ਤਕ ਸਾਹ ਚੱਲ ਰਹੇ ਹਨ, ਹਰ ਇਨਸਾਨ ਕੋਲ ਕੁੱਝ ਮਹਾਨ ਕਰਨ ਦਾ ਮੌਕਾ ਹੈ। ਨੌਰਮ ਐਡਵਰਡਜ਼ ਦੀ ਇਹ ਕਹਾਣੀ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੀ ਅਸੀਂ ਸੱਚਮੁੱਚ ਉਸ ਮਕਸਦ ਨੂੰ ਪੂਰਾ ਕਰ ਰਹੇ ਹਾਂ ਜਿਸ ਲਈ ਸਾਨੂੰ ਇਸ ਧਰਤੀ 'ਤੇ ਭੇਜਿਆ ਗਿਆ ਹੈ?

ਪੰਜਾਬੀ ਗੈਂਗਸਟਰਾਂ ਵਲੋਂ ਜਬਰੀ ਵਸੂਲੀਆਂ ਕਾਰਨ ਸਰੀ 'ਚ ਲੱਗੀ ਐਮਰਜੈਂਸੀ

ਸਰੀ: ਕੈਨੇਡਾ ਦੇ ਸਰੀ ਸ਼ਹਿਰ 'ਚ ਫ਼ਿਰੌਤੀਆਂ ਤੇ ਹਿੰਸਾ ਦੀਆਂ ਵਧਦੀਆਂ ਘਟਨਾਵਾਂ ਨੇ ਭਾਈਚਾਰੇ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਸਰੀ ਸਿਟੀ ਕੌਂਸਲ ਨੇ ਸ਼ਹਿਰ 'ਚ ਸਥਾਨਕ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਇਹ ਕੈਨੇਡਾ 'ਚ ਪਹਿਲੀ ਵਾਰ ਹੈ ਕਿ ਕਿਸੇ ਚੁਣੀ ਹੋਈ ਕੌਂਸਲ ਨੇ ਅਪਰਾਧ ਵਿਰੁੱਧ ਅਜਿਹਾ ਸਖ਼ਤ ਕਦਮ ਚੁੱਕਿਆ ਹੈ।

ਰਿਪੋਰਟਾਂ ਅਨੁਸਾਰ ਇਨ੍ਹਾਂ ਫ਼ਿਰੌਤੀਆਂ 'ਚ ਮੁੱਖ ਤੌਰ 'ਤੇ ਗੈਂਗਸਟਰ ਸ਼ਾਮਿਲ ਹਨ ਜੋ ਦੱਖਣੀ ਏਸ਼ੀਆਈ ਮੂਲ ਦੇ ਕਾਰੋਬਾਰੀਆਂ ਅਤੇ ਪਰਿਵਾਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਅਪਰਾਧੀਆਂ ਵਲੋਂ ਫ਼ੋਨ ਕਾਲਾਂ, ਚਿੱਠੀਆਂ ਤੇ ਸੋਸ਼ਲ ਮੀਡੀਆ ਰਾਹੀਂ ਲੱਖਾਂ ਡਾਲਰਾਂ ਦੀ ਮੰਗ ਕੀਤੀ ਜਾਂਦੀ ਹੈ। ਪੈਸੇ ਨਾ ਦੇਣ ਦੀ ਸੂਰਤ 'ਚ ਘਰਾਂ ਅਤੇ ਕਾਰੋਬਾਰਾਂ 'ਤੇ ਗੋਲੀਬਾਰੀ ਕੀਤੀ ਜਾਂਦੀ ਹੈ।

ਸਾਲ 2025 'ਚ ਫ਼ਿਰੌਤੀ ਦੇ 44 ਮਾਮਲੇ ਸਾਹਮਣੇ ਆਏ ਸਨ ਜਦਕਿ 2026 ਦੇ ਪਹਿਲੇ ਤਿੰਨ ਹਫ਼ਤਿਆਂ 'ਚ ਹੀ 35 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਜੇਕਰ ਇਹੀ ਰਫ਼ਤਾਰ ਰਹੀ ਤਾਂ ਸਾਲ ਦੇ ਅੰਤ ਤਕ ਇਹ ਅੰਕੜਾ 600 ਨੂੰ ਪਾਰ ਕਰ ਸਕਦਾ ਹੈ।

ਮੇਅਰ ਬਰੈਂਡਾ ਲੌਕ ਦਾ ਸਖ਼ਤ ਰੁਖ: ਮੇਅਰ ਬਰੈਂਡਾ ਲੌਕ ਨੇ 26 ਜਨਵਰੀ ਨੂੰ ਇਸ ਮਤੇ ਦੀ ਅਗਵਾਈ ਕੀਤੀ ਅਤੇ ਕਿਹਾ ਕਿ ਇਹ ਸੰਕਟ ਸਥਾਨਕ ਸਰੋਤਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਉਨ੍ਹਾਂ ਨੇ ਸੰਘੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਦੇਸ਼ ਪੱਧਰ 'ਤੇ ਐਮਰਜੈਂਸੀ ਦਾ ਐਲਾਨ ਕੀਤਾ ਜਾਵੇ। ਇਸ ਦੇ ਨਾਲ ਹੀ ਇੱਕ ਵਿਸ਼ੇਸ਼ ਐਕਸਟੌਰਸ਼ਨ ਕਮਿਸ਼ਨਰ ਦੀ ਨਿਯੁਕਤੀ ਕੀਤੀ ਜਾਵੇ। ਅਪਰਾਧਾਂ 'ਚ ਸ਼ਾਮਿਲ ਗ਼ੈਰ-ਨਾਗਰਿਕਾਂ ਨੂੰ ਤੁਰੰਤ ਦੇਸ਼-ਨਿਕਾਲਾ ਦਿੱਤਾ ਜਾਵੇ ਤੇ ਇਮੀਗ੍ਰੇਸ਼ਨ ਕਾਨੂੰਨ ਸਖ਼ਤ ਕੀਤੇ ਜਾਣ।

ਹਾਲ ਹੀ 'ਚ ਸਰੀ ਦੇ ਪ੍ਰਸਿੱਧ ਕੈਪਸ ਕੈਫ਼ੇ 'ਤੇ ਤਿੰਨ ਵਾਰ ਗੋਲੀਬਾਰੀ ਹੋਈ ਹੈ ਜੋ ਇਨ੍ਹਾਂ ਹਮਲਾਵਰਾਂ ਦੇ ਪੂਰੀ ਤਰ੍ਹਾਂ ਬੇਖ਼ੌਫ਼ ਹੋਣ ਦਾ ਸਬੂਤ ਹੈ। ਇੰਡੋ-ਕੈਨੇਡੀਅਨ ਭਾਈਚਾਰੇ 'ਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਕੁੱਝ ਲੋਕਾਂ ਨੇ ਦੋਸ਼ ਲਾਇਆ ਹੈ ਕਿ ਪ੍ਰਸ਼ਾਸ਼ਨ ਵਲੋਂ ਕੀਤੀ ਗਈ ਦੇਰੀ ਪਿੱਛੇ ਨਸਲੀ ਪੱਖਪਾਤ ਹੋ ਸਕਦਾ ਹੈ।

ਸਰੀ ਪ੍ਰਸ਼ਾਸ਼ਨ ਨੇ ਦੋਸ਼ੀਆਂ ਬਾਰੇ ਜਾਣਕਾਰੀ ਦੇਣ ਵਾਲੇ ਲਈ 250,000 ਡਾਲਰ ਦੇ ਇਨਾਮ ਦਾ ਐਲਾਨ ਵੀ ਕੀਤਾ ਹੈ। ਮੇਅਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਸਿਰਫ਼ ਸਰੀ ਦੀ ਸਮੱਸਿਆ ਨਹੀਂ ਸਗੋਂ ਇੱਕ ਰਾਸ਼ਟਰੀ ਮੁੱਦਾ ਹੈ ਜਿਸ 'ਤੇ ਤੁਰੰਤ ਕਾਰਵਾਈ ਦੀ ਲੋੜ ਹੈ।

ਪੰਜਾਬੀ ਗੈਂਗਸਟਰ ਜ਼ਿੰਮੇਵਾਰ: ਸਰੀ: ਕੌਂਸਲ ਦੀ ਮੀਟਿੰਗ ਦੌਰਾਨ ਮੇਅਰ ਲੋਕ ਨੇ ਕਿਹਾ, "ਇਹ ਇੱਕ ਅਜਿਹਾ ਸੰਕਟ ਹੈ ਜਿਸ ਨੇ ਪਰਿਵਾਰਾਂ ਨੂੰ ਦਹਿਸ਼ਤਜ਼ਦਾ ਕਰ ਦਿੱਤਾ ਹੈ ਅਤੇ ਕਾਰੋਬਾਰ ਘੇਰੇ 'ਚ ਹਨ। ਸਰੀ ਸ਼ਹਿਰ ਇਹ ਸਵੀਕਾਰ ਕਰਦਾ ਹੈ ਕਿ ਅਸੀਂ ਜਬਰਨ ਵਸੂਲੀਆਂ ਅਤੇ ਇਸ ਨਾਲ ਸਬੰਧਤ ਹਿੰਸਾ ਦੇ ਕਾਰਨ ਐਮਰਜੈਂਸੀ ਦੀ ਸਥਿਤੀ 'ਚ ਹਾਂ ਜਿਸ ਨੇ ਸਾਡੇ ਸ਼ਹਿਰ ਨੂੰ ਪਰੇਸ਼ਾਨ ਕੀਤਾ ਹੋਇਆ ਹੈ।"ਮਤੇ 'ਚ ਇੱਕ ਮਜ਼ਬੂਤ ਪ੍ਰਤੀਕਿਰਿਆ ਦਾ ਤਾਲਮੇਲ ਕਰਨ ਲਈ ਇੱਕ ਸੰਘੀ ਕੈਨੇਡੀਅਨਾਂ ਵਿਰੁੱਧ ਹਿੰਸਾ ਲਈ ਜਬਰਨ ਵਸੂਲੀਆਂ ਬਾਰੇ ਕਮਿਸ਼ਨਰ ਦੀ ਨਿਯੁਕਤੀ ਦੀ ਮੰਗ ਕੀਤੀ ਗਈ ਹੈ ਜਿਸ 'ਚ ਵਾਧੂ RCMP ਸੰਗਠਿਤ ਅਪਰਾਧ ਯੂਨਿਟਾਂ ਦੀ ਤਾਇਨਾਤੀ, ਇਨ੍ਹਾਂ ਅਪਰਾਧਾਂ 'ਚ ਸ਼ਾਮਿਲ ਗ਼ੈਰ-ਨਾਗਰਿਕਾਂ ਨੂੰ ਜਲਦੀ ਦੇਸ਼-ਨਿਕਾਲਾ ਦੇਣਾ ਅਤੇ ਅਪਰਾਧੀਆਂ ਨੂੰ ਤੇਜ਼ੀ ਨਾਲ ਹਿਰਾਸਤ 'ਚ ਲੈਣ ਅਤੇ ਹਟਾਉਣ ਲਈ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਮਜ਼ਬੂਤ ਕਰਨਾ ਸ਼ਾਮਿਲ ਹੈ।

ਏਸ਼ੀਆਈ ਕਾਰੋਬਾਰ ਅਤੇ ਪਰਿਵਾਰ ਬਣਾਏ ਜਾ ਰਹੇ ਨਿਸ਼ਾਨਾ: ਸਰੀ 'ਚ ਜਬਰਨ ਵਸੂਲੀਆਂ ਦੇ ਸੰਕਟ 'ਚ ਮੁੱਖ ਤੌਰ 'ਤੇ ਦੱਖਣੀ ਏਸ਼ੀਆਈ ਕਾਰੋਬਾਰਾਂ ਅਤੇ ਪਰਿਵਾਰਾਂ ਨੂੰ ਨਿਸ਼ਾਨਾ ਬਣਾ ਕੇ ਦਿੱਤੀਆਂ ਧਮਕੀਆਂ ਸ਼ਾਮਿਲ ਹਨ ਜੋ ਅਕਸਰ ਭਾਰਤ ਅਤੇ ਹੋਰ ਖੇਤਰਾਂ ਨਾਲ ਸਬੰਧ ਰੱਖਣ ਵਾਲੇ ਸੰਗਠਿਤ ਅਪਰਾਧ ਸਮੂਹਾਂ ਨਾਲ ਜੁੜੀਆਂ ਹੁੰਦੀਆਂ ਹਨ। ਜਬਰਨ ਵਸੂਲੀਆਂ ਦੇ ਮਾਮਲਿਆਂ 'ਚ ਫ਼ੋਨ ਕਾਲਾਂ, ਚਿੱਠੀਆਂ ਜਾਂ ਸੋਸ਼ਲ ਮੀਡੀਆ ਰਾਹੀਂ ਵੱਡੀਆਂ ਰਕਮਾਂ ਦੀਆਂ ਅਗਿਆਤ ਮੰਗਾਂ ਕੀਤੀਆਂ ਜਾਂਦੀਆਂ ਹਨ ਜੋ ਕਿ ਹਜ਼ਾਰਾਂ ਤੋਂ ਲੱਖਾਂ ਡਾਲਰਾਂ ਤਕ ਹੁੰਦੀਆਂ ਹਨ, ਅਤੇ ਭੁਗਤਾਨ ਨਾ ਕਰਨ 'ਤੇ ਹਿੰਸਾ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ।

ਲੀਗਲ ਸੇਵਾਵਾਂ 905-913-2355
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਵਕੀਲ ਦੀ ਲੋੜ? 905-362-0755
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਦੰਦਾਂ ਦੀ ਦੇਖਭਾਲ 905-450-5600
ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700